International Journal of Applied Research 2023; 9(12): 52-58




**ISSN Print:** 2394-7500
**ISSN Online:** 2394-5869
**Impact Factor (RJIF):** 8.4
IJAR 2023; 9(12): 52-58
www.allresearchjournal.com
Received: 11-10-2023
Accepted: 15-11-2023

**ਡਾ. ਕਰਮਜੀਤ ਕੌਰ**
ਸਹਾਇਕ ਪ੍ਰੋਫ਼ੈਸਰ, ਪੰਜਾਬੀ ਵਿਭਾਗ, ਕੋਰਡੀਆ ਕਾਲਜ, ਸੰਘੋਲ, ਪੰਜਾਬ, ਭਾਰਤ।

**ਕਿਸ਼ਾਂਵਲ**
ਸਹਾਇਕ ਪ੍ਰੋਫ਼ੈਸਰ, ਪੰਜਾਬੀ ਵਿਭਾਗ, ਕੋਰਡੀਆ ਕਾਲਜ, ਸੰਘੋਲ, ਪੰਜਾਬ, ਭਾਰਤ।

**Corresponding Author:**
**ਡਾ. ਕਰਮਜੀਤ ਕੌਰ**
ਸਹਾਇਕ ਪ੍ਰੋਫ਼ੈਸਰ, ਪੰਜਾਬੀ ਵਿਭਾਗ, ਕੋਰਡੀਆ ਕਾਲਜ, ਸੰਘੋਲ, ਪੰਜਾਬ, ਭਾਰਤ।

# ਮੈਂ ਤੇ ਮੈਂ: ਖੰਡਿਤ ਅਸਤਿੱਤਵ ਦਾ ਕਾਵਿ-ਚਿਤਰਣ (ਵਿਸ਼ਾਗਤ ਅਧਿਐਨ)

## ਡਾ. ਕਰਮਜੀਤ ਕੌਰ ਕਿਸ਼ਾਂਵਲ

## ਸਾਰੰਸ਼

ਸ਼ਿਵ ਕੁਮਾਰ ਬਟਾਲਵੀ ਦੀ ਕਾਵਿ-ਰਚਨਾ 'ਮੈਂ ਤੇ ਮੈਂ' (1970) ਵਿਚਲੀ ਇਕ 'ਮੈਂ' ਉਹ ਹੈ ਜੋ ਸਮਾਜਕ ਸਰੂਪ ਦੀ ਧਾਰਨੀ ਹੈ ਅਤੇ ਇਕ 'ਮੈਂ' ਉਹ ਹੈ ਜੋ ਉਸਦਾ ਅੰਦਰਲਾ ਅਸਤਿਤਵ ਹੈ। ਇਸ ਰਚਨਾ ਦਾ 'ਮੈਂ' ਪਾਤਰ ਦੋਵੇਂ ਹੋਣੀਆਂ ਹੰਢਾਉਂਦਾ ਹੈ। ਇਕ 'ਮੈਂ' ਵਿਅਕਤੀਗਤ ਪ੍ਰਕਿਰਤੀ ਨੂੰ ਮਾਣਦੀ ਹੈ ਤੇ ਦੂਜੀ 'ਮੈਂ' ਸਮਾਜਕ ਚੁਗਿਰਦੇ ਵਿਚੋਂ ਮਿਲੀ ਤ੍ਰਾਸਦੀ ਨੂੰ ਭੋਗਦੀ ਹੈ। ਇਸ ਰਚਨਾ ਦਾ ਵਕਤਾ/ਨਾਇਕ ਇਕ ਅਜਿਹਾ ਅਸਤਿਤਵ ਧਾਰਨ ਕਰਦਾ ਹੈ ਜੋ ਆਪਣੇ ਜਨਮ ਤੋਂ ਪਹਿਲਾਂ ਦੇ ਸੱਚ ਨੂੰ ਜਾਨਣ ਲਈ ਵਿਆਕੁਲ ਹੈ ਪਰ ਉਸਦੀ ਜਨਣਹਾਰੀ ਇਸ ਸੱਚ ਬਾਰੇ ਕੁਝ ਨਹੀਂ ਦੱਸਦੀ। ਨਾਇਕ ਦੀ ਅਜਿਹੀ ਦੁਬਿਧਾਮਈ ਸਥਿਤੀ ਨਾਲ ਨਵੀਂ ਥੀਮਿਕ ਸੰਭਾਵਨਾ ਬਣਦੀ ਹੈ ਅਤੇ ਨਾਇਕ ਉਲਾਰੂ ਲਿੰਗ ਪ੍ਰਵਿਰਤੀਆਂ ਦਾ ਸ਼ਿਕਾਰ ਹੋ ਜਾਂਦਾ ਹੈ। ਵਿਅਕਤੀ ਦੇ ਜੀਵਨ ਦੀਆਂ ਲੋੜਾਂ ਦੀ ਚੋਣ ਉਸਨੂੰ ਨਿਵਾਣਤਾ ਜਾਂ ਉਚਾਣ ਵੱਲ ਲਿਜਾ ਸਕਦੀ ਹੈ; ਅਤੇ ਉਸਦੇ ਜੀਵਨ ਨੂੰ ਵਧੇਰੇ ਪ੍ਰਮਾਣਕ/ਅਪ੍ਰਮਾਣਕ ਬਣਾਉਣ ਵਿਚ ਭੂਮਿਕਾ ਨਿਭਾਉਂਦੀ ਹੈ। 'ਮੈਂ ਤੇ ਮੈਂ' ਦਾ ਨਾਇਕ ਨਿਵਾਣਾਂ ਵੱਲ ਲੈ ਜਾਣ ਵਾਲੀਆਂ ਲੋੜਾਂ ਦੀ ਪੂਰਤੀ ਕਰਦਾ-ਕਰਦਾ ਆਪਣਾ ਮਾਨਸਿਕ ਸੰਤੁਲਨ ਗਵਾ ਲੈਂਦਾ ਹੈ। ਅਜਿਹੀ ਸਥਿਤੀ ਵਿਚ ਮੁੜ ਤੋਂ ਮਾਨਸਿਕ ਸੰਤੁਲਨ ਦੀ ਭਾਲ, ਨਾਇਕ ਦੇ ਅਸਤਿਤਵ ਨੂੰ ਅਰਥਹੀਣ ਬਣਾ ਦਿੰਦੀ ਹੈ ਅਤੇ ਇਸ ਸੰਤੁਲਨ ਦੀ ਤਲਾਸ਼ ਲਈ ਉਹ ਅਣਗਿਣਤ ਔਰਤਾਂ ਨਾਲ ਜਿਣਸੀ ਸੰਬੰਧ ਬਣਾਉਣ ਉਪਰੰਤ ਔਰਤ ਦੀ ਖਿੱਲੀ ਉਡਾਉਂਦਾ ਹੈ:

ਜਦੋਂ ਵੀ ਮੈਂ ਕਦੇ/ਔਰਤ 'ਚੋਂ ਆਪਣਾ ਗੀਤ ਲੱਭਿਆ ਹੈ
ਮੈਨੂੰ ਔਰਤ ਨੇ ਇਕ ਬਾਫ਼ਰ ਜਿਹੇ/ਅੰਗ ਹੇਠ ਦੱਬਿਆ ਹੈ
ਜਿਸ ਦਾ ਸਫ਼ਰ ਮੁਕਦੇ ਹੀ/ਮੇਰਾ ਉਸ ਸਾਥ ਛੱਡਿਆ ਹੈ [1]

ਇਨ੍ਹਾਂ ਕਾਵਿ-ਸਤਰਾਂ ਵਿਚ ਔਰਤ ਨੂੰ ਕਾਮ-ਪ੍ਰਵਿਰਤੀ ਦੇ ਪ੍ਰਤੀਕ ਵਜੋਂ ਪੇਸ਼ ਕੀਤਾ ਗਿਆ ਹੈ ਕਿ ਉਸਨੇ 'ਕਾਵਿ-ਮੈਂ' ਨੂੰ ਸਿਰਫ਼ ਜਿਸਮ-ਪੱਧਰ ਤਕ ਸੀਮਤ ਰੱਖਿਆ ਹੈ। ਪਰ ਦੇਖਿਆ ਜਾਵੇ ਤਾਂ ਏਥੇ 'ਕਾਵਿ-ਮੈਂ' ਨੇ ਖ਼ੁਦ ਵੀ ਤਾਂ ਜਿਸਮ ਭੋਗਣ ਦੀ ਲੋੜ ਦੀ ਹੀ ਚੋਣ ਕੀਤੀ ਹੈ। ਭਾਰਤੀ ਸਮਾਜ ਦੇ ਤਾਣੇ-ਬਾਣੇ ਵਿਚ ਪ੍ਰਵਾਨ ਚੜ੍ਹੀ ਔਰਤ ਉਸਨੂੰ ਸੀਮਿਤ ਆਪੇ ਸੰਗ ਮਿਲਦੀ ਹੈ ਪਰ ਉਹ ਉਸਨੂੰ ਸਮੁੱਚੇ ਤੌਰ 'ਤੇ ਪ੍ਰਾਪਤ ਕਰਨਾ ਚਾਹੁੰਦਾ ਹੈ। ਸੁਤੰਤਰ/ਪ੍ਰਾਕ੍ਰਿਤਕ ਸਮਾਜ ਦੀ ਇੱਛਾ ਦਾ ਧਾਰਨੀ ਨਾਇਕ, ਸਮਾਜਕ ਇਛਾਵਾਂ ਦੇ ਅਨੁਕੂਲ ਜਿਊਣ ਲਈ ਮਜ਼ਬੂਰ ਔਰਤ ਦੀਆਂ ਸਮਾਜਕ ਸੀਮਾਵਾਂ ਨੂੰ ਅਣਦੇਖਿਆ ਕਰਦਾ ਹੋਇਆ ਉਸਦੇ ਸੰਬੰਧਾਂ ਵਿੱਚੋਂ ਪੂਰਨਤਾ ਦੀ ਭਾਲ ਕਰਦਾ ਹੈ। ਮਜ਼ਬੂਰਨ ਵਿਅਕਤੀ ਮਾਨਸਿਕ ਇਛਾਵਾਂ ਦੇ ਉਲਟ ਜੀਵਨ ਜਿਊਂਦਾ ਹੈ ਅਤੇ ਬੇਗਾਨਗੀ ਦੇ ਆਲਮ ਵਿਚ ਧੱਕਿਆ ਜਾਂਦਾ ਹੈ। ਅਰਥਹੀਣਤਾ, ਬੇਗਾਨਗੀ, ਇਕੱਲਤਾ ਆਦਿ ਦੀਆਂ ਭਾਵਨਾਵਾਂ ਉਸਨੂੰ ਦੁਨਿਆਵੀ ਜੀਵਨ ਤੋਂ ਉਪਰਾਮ ਕਰ ਦਿੰਦੀਆਂ ਹਨ। 'ਮੈਂ ਤੇ ਮੈਂ' ਦਾ ਪਾਤਰ ਵੀ ਇਹੀ ਸਥਿਤੀ ਹੰਢਾਉਂਦਾ ਹੈ:

ਮੈਂ ਮਰ ਚੁੱਕਿਆ/ਮੈਂ ਠਰ ਚੁੱਕਿਆ
ਮੈਂ ਆਪਣੇ ਦਰਦ ਦੀ ਸੂਲ਼ੀ 'ਤੇ/ਚਿਰ ਹੋਇਆ ਕਿ ਚੜ੍ਹ ਚੁਕਿਆਂ[2]

ਜਦੋਂ ਵਿਅਕਤੀ ਦੇ ਪ੍ਰਾਕਿਰਤੀ ਅਨੁਕੂਲ ਕਾਰਜਾਂ ਨੂੰ ਸਮਾਜਕ ਕਦਰਾਂ ਕੀਮਤਾਂ ਦੇ ਸਨਮੁੱਖ ਹੋਣਾ ਪੈਂਦਾ ਹੈ ਤਾਂ ਉਸਦੀ ਉਪਰਾਮਤਾ ਹੋਰ ਵਧ ਜਾਂਦੀ ਹੈ। ਮਨੁੱਖ ਆਪਣੀਆਂ ਪ੍ਰਾਕਿਰਤਕ ਇਛਾਵਾਂ ਦੇ ਅਨੁਸਾਰ ਰਿਸ਼ਤਿਆਂ ਅਤੇ ਵਰਜਿਤ ਸੰਬੰਧਾਂ ਦੀ ਸਥਾਪਨਾ ਕਰਦਾ ਹੈ; ਉਨ੍ਹਾਂ ਵਿੱਚੋਂ ਪੂਰਨਤਾ ਦੀ ਤਲਾਸ਼ ਕਰਦਾ ਹੈ ਪਰ ਜਦੋਂ ਇਹ ਸੰਬੰਧ ਸਮਾਜਕ ਕਦਰਾਂ ਨਾਲ ਟਕਰਾਉਂਦੇ ਹਨ ਤਾਂ ਪੂਰਨਤਾ ਹਾਸਲ ਹੋਣ ਦੀ ਬਜਾਇ ਉਸਦੇ ਅਸਤਿਤਵ ਵਿਚ ਤ੍ਰੇੜਾਂ ਪੈ ਜਾਂਦੀਆਂ ਹਨ। ਕਲਪਨਾ ਦੀ ਅਤਿ ਵਰਤੋਂ ਰਾਹੀਂ ਆਪਣੇ ਜਨਮ ਤੋਂ ਪਹਿਲਾਂ ਦੀ ਸਥਿਤੀ ਪੇਸ਼ ਕਰਦਾ ਵਕਤਾ ਆਪਣੀ ਜਨਣਹਾਰੀ ਬਾਰੇ ਦੱਸ ਰਿਹਾ ਹੈ:

ਪਹਾੜਾਂ ਪੈਰ ਸੁੱਤੇ ਇਕ ਗਰਾਂ ਵਿਚ /ਜਨਣਹਾਰੀ ਮੇਰੀ ਪਈ ਜਾਗਦੀ ਹੈ
ਰੁਦਨ ਕਰਦੀ ਨਦੀ ਦੇ ਤੀਰ ਬੈਠੀ/ਪਤੀ ਪਰਦੇਸ ਗਏ ਨੂੰ ਸਹਿਕਦੀ ਹੈ [3]

ਜਨਣਹਾਰੀ ਦੇ ਜਾਗਣ ਤੇ ਰੋਣ ਦਾ ਕਾਰਨ ਹੈ ਕਿ ਉਸਦਾ ਪਤੀ ਪਰਦੇਸ ਗਿਆ ਹੈ। ਇਸ ਰੋਣ ਤੇ ਜਾਗਣ ਦਾ ਇਕ ਹੋਰ ਕਾਰਨ ਹੈ 'ਅਜਨਮੀ ਪੀੜ'। ਜਨਣਹਾਰੀ ਦੀ ਇਸ ਪੀੜ ਨੂੰ ਇਨ੍ਹਾਂ ਸਤਰਾਂ ਰਾਹੀਂ ਹੋਰ ਗਹਿਨਤਾ ਮਿਲੀ ਹੈ:

ਉਦਾਸੇ ਬੂਹਿਆਂ ਵੱਲ ਝਾਕਦੀ ਹੈ/ਅਜਨਮੀ ਪੀੜ ਦੇ ਸੰਗ ਮਹਿਕਦੀ ਹੈ
ਅਜਨਮੀ ਪੀੜ ਦੀ ਉਸ ਮਹਿਕ ਛਾਵੇਂ/ਉਹ ਬੈਠੀ ਰੋਜ਼ ਬਿਰਹਾ ਕੱਤਦੀ ਹੈ
ਵਿਛੋੜਾ ਚਾੜ੍ਹ ਛੱਜੀਂ ਛੱਟਦੀ ਹੈ/ਉਹ ਮੱਛੀ ਰੋਜ਼ ਪੋਚਾ ਚੱਟਦੀ ਹੈ
ਕੋਈ ਦੁੱਖ ਦਾ ਗੀਤ ਚੱਕੀ ਪੀਸਦੀ ਹੈ/ਕੋਈ ਹਉਕਾ ਰੋਜ਼ ਚੁੱਲ੍ਹੇ ਬਾਲਦੀ ਹੈ
ਨਦੀ ਵਿਚ ਰੋਜ਼ ਤਾਰੇ ਰੋਹੜਦੀ ਹੈ/ਅਜਨਮੀ ਪੀੜ ਦਾ ਮੂੰਹ ਲੱਭਦੀ ਹੈ
ਅਜਨਮੀ ਪੀੜ ਦਾ ਮੂੰਹ ਕੱਜਦੀ ਹੈ... [4]

ਉਪਰੋਕਤ ਕਾਵਿ-ਟੁਕੜੀ ਵਿਚ ਆਏ ਬਿੰਬ ਜਨਣਹਾਰੀ ਦੀ ਮਾਨਸਿਕ ਪੀੜ ਨੂੰ ਪੇਸ਼ ਕਰਦੇ ਹਨ। ਇਕੋ ਵੇਲੇ ਅਜਨਮੀ ਪੀੜ ਦਾ 'ਮੂੰਹ ਲੱਭਣਾ' ਤੇ ਅਜਨਮੀ ਪੀੜ ਦਾ 'ਮੂੰਹ ਕੱਜਣਾ' ਜਨਣਹਾਰੀ ਦੇ ਮਾਨਸਿਕ ਤਣਾਉ ਦੀ ਤੀਬਰਤਾ ਨੂੰ ਅਭਿਵਿਅਕਤ ਕਰਦਾ ਹੈ। ਜਿਸ ਸਮਾਜਕ ਚੁਗਿਰਦੇ ਵਿਚ ਜਨਣਹਾਰੀ ਰਹਿ ਰਹੀ ਹੈ, ਉਸ ਚੁਗਿਰਦੇ ਵਿਚ ਅਜਨਮੀ ਪੀੜ ਦਾ 'ਮੂੰਹ ਕੱਜਣ' ਦੀਆਂ ਕੋਸ਼ਿਸ਼ਾਂ ਵਿਅਰਥ ਜਾਂਦੀਆਂ ਹਨ। ਤਣਾਉ ਦੀਆਂ ਤੰਦਾਂ ਹੋਰ ਕਸੀਆਂ ਜਾਂਦੀਆਂ ਹਨ; ਜਿਸਦੀ ਪੇਸ਼ਕਾਰੀ ਇਉਂ ਹੋਈ ਹੈ:

ਕੋਈ ਮੈਲਾ ਸ਼ਬਦ ਪਲਣਾ ਝੂਲਦਾ ਹੈ/ਉਦਾਸੀ ਪੋਤੜੇ ਵਿਚ ਵਿਲਕਦੀ ਹੈ
................
ਜਨਮੀ ਪੀੜ ਦੀ ਸੌ ਪੀੜ ਓਹਲੇ/ਲੱਜਿਤ ਬੋਲ 'ਵਾ ਵਿਚ ਸੁਲਗਦੇ ਨੇ

……………………

ਬੋਹੜਾਂ ਹੇਠ ਤੋਹਮਤ ਬੈਠਦੀ ਹੈ/ਮੇਰੀ ਜਨਣੀ ਦੀ ਮਮਤਾ ਜਾਗਦੀ ਹੈ [5]

ਪਤੀ ਦੀ ਗ਼ੈਰਹਾਜ਼ਰੀ ਵਿਚ 'ਅਜਨਮੀ ਪੀੜ' ਜਨਮਦੀ ਹੈ; 'ਮੈਲੇ ਸ਼ਬਦ' ਦੀ ਹੋਂਦ 'ਤੇ ਪ੍ਰਸ਼ਨ ਚਿੰਨ੍ਹ ਲੱਗਦੇ ਹਨ; ਪਰ੍ਹੇ ਵਿਚ ਜੁੜੇ ਲੋਕ ਜਨਣਹਾਰੀ ਨੂੰ ਤੋਹਮਤਾਂ ਲਾਉਂਦੇ ਹਨ:

ਅਧੂਰਾ ਗੀਤ ਮਾਂ ਨੂੰ ਚੁੱਭਦਾ ਹੈ

……….

ਅਧੂਰਾ ਗੀਤ ਜੱਗ ਨੂੰ ਚੁੱਭਦਾ ਹੈ [6]

ਤਣਾਉ ਦੀ ਇਹ ਸਥਿਤੀ ਇਕੋ ਵੇਲੇ ਦੋ ਪਾਤਰਾਂ, ਮਾਂ ਅਤੇ ਬੱਚੇ ਨੂੰ ਨਪੀੜਦੀ ਹੈ। ਸਮਾਜਕ ਚੁਗਿਰਦਾ ਜਨਣਹਾਰੀ/ਮਾਂ ਨੂੰ ਕੋਸਦਾ ਹੈ ਕਿਉਂਕਿ ਉਸਨੇ ਪਰਦੇਸ ਗਏ ਪਤੀ ਪਿੱਛੋਂ ਸਮਾਜਕ ਨੇਮਾਂ ਦੀ ਉਲੰਘਣਾ ਕਰਦਿਆਂ 'ਮੈਲੇ ਸ਼ਬਦ' ਨੂੰ ਜਨਮਿਆਂ ਹੈ। ਇਹ ਸਮਾਜਕ ਚੁਗਿਰਦਾ 'ਮੈਲੇ ਸ਼ਬਦ', 'ਅਧੂਰੇ ਗੀਤ' ਨੂੰ ਕੋਸਦਾ ਹੈ ਕਿਉਂਕਿ ਉਹ ਵਰਜਿਤ ਸੰਬੰਧਾਂ ਦਾ ਫਲ ਹੈ। ਇਹ ਵਿਅਕਤੀਗਤ ਤੋਂ ਸਮਾਜਕ ਕਟਹਿਰੇ ਤਕ ਦੀ ਯਾਤਰਾ ਹੈ। ਵਿਅਕਤੀਗਤ ਪ੍ਰਾਕਿਰਤੀ ਅਨੁਕੂਲ ਕਾਰਜਾਂ ਨੂੰ ਸਮਾਜਕ-ਕਟਹਿਰੇ ਵਿਚ ਨਮੋਸ਼ੀ ਝੱਲਣੀ ਪੈਂਦੀ ਹੈ। ਇਸੇ ਸਮਾਜ ਦੀ ਦੁਰਕਾਰ ਕਾਰਨ ਜਨਣਹਾਰੀ ਲਈ ਬੱਚੇ ਦਾ ਜਨਮ ਇਕ ਬਦਸ਼ਗਨੀ ਦਾ ਰੂਪ ਧਾਰਨ ਕਰਦਾ ਹੈ; ਜਿਸ ਕਾਰਨ ਉਸਦਾ ਜੀਵਨ ਚਿੰਤਾ, ਭਟਕਣ ਅਤੇ ਨਿਰਾਸ਼ਾ ਭਰਿਆ ਬਣ ਜਾਂਦਾ ਹੈ:

ਉਹ ਆਪਣੇ ਤੁਹਮਤਾਏ ਦੁੱਧ ਕੋਲੋਂ/ਤ੍ਰਬਕ ਜਾਂਦੀ ਹੈ [7]

ਇਨ੍ਹਾਂ ਸਮਾਜਕ ਤੁਹਮਤਾਂ ਕਾਰਨ ਉਸਦਾ ਭਾਵੀ ਜੀਵਨ ਨਮੋਸ਼ੀ ਭਰਿਆ ਅਤੇ ਧੁੰਧਲਾ ਹੋ ਕੇ ਰਹਿ ਜਾਂਦਾ ਹੈ:

ਜਦੋਂ ਜਿਊਂਦਾ ਕੋਈ ਤਾਰਾ/ਦੁੱਧ ਲਈ ਹੁਣ ਜ਼ਿਦ ਕਰਦਾ ਹੈ
ਤਾਂ ਦੁੱਧ ਦੀ ਨਦੀ ਤੇ/ਰਾਤਾਂ ਨੂੰ ਸੂਰਜ ਆਣ ਚੜ੍ਹਦਾ ਹੈ
ਤੇ ਕਾਲੀ ਧੁੱਪ ਵਿਚ/ਗੋਰੀ ਨਦੀ ਦਾ ਰੂਪ ਸੜਦਾ ਹੈ
ਤੇ ਉਹਨੂੰ ਤਾਰਿਆਂ ਤੋਂ/ਇਕ ਅਨਿਸ਼ਚਿਤ ਖ਼ੌਫ਼ ਲਗਦਾ ਹੈ!
ਉਹ ਜ਼ਿੱਦੀ ਤਾਰਿਆਂ ਨੂੰ/ਦੁੱਧ ਨਹੀਂ ਹੁਣ ਡਰ ਚੁਘਾਂਦੀ ਹੈ [8]

'ਕਾਲੀ ਧੁੱਪ' ਸਮਾਜਕ ਨੇਮਾਂ ਦੀ ਪ੍ਰਤੀਕ ਹੈ ਅਤੇ 'ਗੋਰੀ ਨਦੀ' ਜਨਣਹਾਰੀ ਦਾ। ਅਜਿਹੀਆਂ ਪਰਿਸਥਿਤੀਆਂ ਜਨਣਹਾਰੀ ਦੇ ਮਨ ਅੰਦਰ ਇਕ ਡਰ ਸਥਾਪਤ ਕਰ ਦਿੰਦੀਆਂ ਹਨ ਜਿਸ ਕਾਰਨ ਉਸਦੀ ਮਾਨਸਿਕ ਸਥਿਤੀ ਉਲਝ ਜਾਂਦੀ ਹੈ ਅਤੇ ਬੱਚੇ ਦਾ ਅਸਤਿਤਵ ਵੀ ਤ੍ਰੇੜਿਆ ਜਾਂਦਾ ਹੈ। 'ਗ਼ੈਰ ਧਰਮੀ' ਬੱਚਾ ਠੱਠੇ, ਮਖੌਲ, ਮਸ਼ਕਰੀ ਅਤੇ ਵਿਅੰਗ ਦਾ ਪਾਤਰ ਬਣ ਕੇ ਰਹਿ ਜਾਂਦਾ ਹੈ।

ਪਹੁ ਫੁਟਾਲੇ ਮਮੋਲਣ ਦਾ ਰੁੱਖਾਂ ਵਿਚੋਂ ਬੋਲਣਾ, ਸੂਰਜ ਦਾ ਚੜ੍ਹਨਾ, ਮੰਦਰ ਵਿਚ ਸੰਖ ਵੱਜਣਾ, ਮੁਟਿਆਰਾਂ ਦਾ ਖੂਹ 'ਤੇ ਪਾਣੀ ਭਰਨਾ, ਸੂਰਜ ਦਾ ਢਲਣਾ, ਪਿੰਡ ਦੇ ਬਜ਼ੁਰਗਾਂ ਦਾ ਪਰ੍ਹੇ ਵਿਚ ਬੈਠਣਾ, ਮੁਟਿਆਰਾਂ ਦਾ ਨਦੀ 'ਤੇ ਨਹਾਉਣ ਜਾਣਾ ਆਦਿ ਮੋਟਿਫ਼ਾਂ ਰਾਹੀਂ ਜਿੱਥੇ ਪ੍ਰਕਿਰਤੀ ਅਤੇ ਜੀਵਨ ਦੀ ਗਤੀਸ਼ੀਲਤਾ ਰੂਪਮਾਨ ਹੋਈ ਹੈ ਉਥੇ ਇਹੀ ਗਤੀਸ਼ੀਲਤਾ ਜਨਣਹਾਰੀ ਦੀ ਮਾਨਸਿਕ ਉਦਾਸੀ ਅਤੇ ਅਰਥਹੀਣ ਹੋਂਦ ਨੂੰ ਵਧੇਰੇ ਨਿਖੇਧਾਤਮਕ ਬਣਾਉਣ ਲਈ ਪ੍ਰੇਰਕ ਬਣਦੀ ਜਾਪਦੀ ਹੈ। ਇਕ ਪਾਸੇ ਪ੍ਰਾਕਿਰਤੀ ਅਤੇ ਸਮਾਜਕ ਚੁਗਿਰਦੇ ਦੀ ਗਤੀਸ਼ੀਲਤਾ ਹੈ ਅਤੇ ਦੂਜੇ ਪਾਸੇ ਜਨਣਹਾਰੀ ਦੀ ਸਮਾਜਕ ਵਿਰੋਧ ਕਾਰਨ ਨਪੀੜੀ ਹੋਂਦ ਦੀ ਗਤੀਹੀਨਤਾ ਹੈ; ਅਜਿਹੀ ਸਥਿਤੀ ਉਸਦੇ ਦੁੱਖਾਂ ਨੂੰ ਹੋਰ ਪ੍ਰਚੰਡ ਕਰਦੀ ਹੈ। ਜਨਣਹਾਰੀ ਦੀ ਇਹ ਤ੍ਰਾਸਦੀ ਉਸਦਾ ਬੱਚਾ ਵੀ ਭੋਗਦਾ ਹੈ। ਸਮਾਜ ਵੱਲੋਂ ਮਿਲੇ ਤ੍ਰਿਸਕਾਰ ਕਾਰਨ ਅਜਿਹਾ ਬੱਚਾ ਜੀਵਨ ਜਿਊਂਦਾ ਨਹੀਂ ਬਲਕਿ ਹੰਢਾਉਂਦਾ ਹੈ। ਉਸਦਾ ਅਤੀਤ ਵਾਰ ਵਾਰ ਉਸਨੂੰ ਜ਼ਖ਼ਮੀ ਕਰਦਾ ਹੈ:

ਮੇਰੇ ਲਈ ਓਸ ਦਿਨ ਸੂਰਜ/ਬੜਾ ਮਨਹੂਸ ਚੜ੍ਹਿਆ ਸੀ
ਮੈਂ ਆਪਣੇ ਸਾਹਮਣੇ ਜਦ ਆਪ/ਪਹਿਲੀ ਵਾਰ ਮਰਿਆ ਸੀ
ਮੈਂ ਉਸ ਦਿਨ ਬਹੁਤ ਰੋਇਆ ਸੀ/ਮੈਂ ਉਸ ਦਿਨ ਬਹੁਤ ਡਰਿਆ ਸੀ। [9]

ਨਾਇਕ ਦਾ ਅਤੀਤ ਪਿਛਲਝਾਤੀ ਜੁਗਤ ਰਾਹੀਂ ਉਭਰਿਆ ਗਿਆ ਹੈ। ਆਪਣੇ ਬਾਪ ਦੀ ਅਣਹੋਂਦ ਮਹਿਸੂਸਦਾ ਨਾਇਕ/ਬੱਚਾ ਪ੍ਰਾਪਤ ਸਥਿਤੀ ਨੂੰ ਨਕਾਰਦਾ ਹੈ:

ਮੇਰੀ ਮਾਂ ਦੇ ਗਰਭ ਵਿੱਚੋਂ/ਮੇਰਾ ਬਾਬਲ ਨਹੀਂ ਲੱਭੇ
ਤਾਂ ਪਹਿਲੀ ਵਾਰ ਮਾਂ ਦੇ ਨਕਸ਼/ਮੈਨੂੰ ਓਪਰੇ ਲੱਗੇ!

……..

ਮੈਂ ਮਾਂ ਦੇ ਪਰਬਤੀ ਅਥਨਾਏ ਹੋਏ/ਨੈਣਾਂ 'ਚ ਤੱਕਦਾ ਹਾਂ
ਤੇ ਉਹਦੇ ਗਰਭ ਵਿਚ ਉਸ ਦਿਨ/ਹਜ਼ਾਰਾਂ ਵਾਰ ਲੱਥਦਾ ਹਾਂ। [10]

ਇਕ ਅਵਸਥਾ ਤਕ ਬੱਚਾ ਇਸ ਸੱਚ ਤੋਂ ਅਣਜਾਣ ਹੈ ਕਿ ਸਮਾਜਕ ਆਲੇ ਦੁਆਲੇ ਦਾ ਉਸਦੀ ਮਾਂ ਨਾਲ ਵਿਰੋਧ ਕਿਉਂ ਹੈ। ਇਕ ਅਵਸਥਾ ਅਜਿਹੀ ਆਉਂਦੀ ਹੈ ਕਿ ਉਹ ਆਪਣੇ ਜਨਮ ਦੇ ਸੱਚ ਨੂੰ ਜਾਨਣ ਲਈ ਉਤਾਵਲਾ ਹੈ। ਮਾਂ/ਜਨਣਹਾਰੀ ਪੂਰੀ ਰਚਨਾ ਵਿਚ ਕਿਧਰੇ ਵੀ ਇਸ ਗੱਲ ਬਾਰੇ ਜ਼ਿਕਰ ਨਹੀਂ ਕਰਦੀ ਕਿ ਉਸ ਬੱਚੇ ਦਾ ਬਾਪ ਕੌਣ ਹੈ। ਸਮਾਜ ਵੱਲੋਂ ਜਨਣਹਾਰੀ ਨੂੰ ਤੁਹਮਤਾਂ ਲਗਾਉਣਾ ਤੇ ਜਨਣਹਾਰੀ ਦਾ ਚੁੱਪ ਰਹਿਣਾ, ਬੱਚੇ ਦਾ 'ਗ਼ੈਰ ਧਰਮੀ' ਹੋਣਾ ਨਿਸ਼ਚਿਤ ਕਰਦਾ ਹੈ। ਰਚਨਾ ਦੀਆਂ ਥੀਮਕ ਸੰਭਾਵਨਾਵਾਂ ਪੈਦਾ ਹੁੰਦੀਆਂ ਹਨ; ਬੱਚਾ ਆਪਣੇ ਬਾਪ ਬਾਰੇ ਵਧੇਰੇ ਸੁਚੇਤ ਹੋ ਕੇ ਜਾਨਣ ਵੱਲ ਰੁਚਿਤ ਹੋਣ ਦੀ ਬਜਾਇ ਆਪਣੇ ਗੁਆਂਢ ਵਿਚ ਰਹਿੰਦੀ ਹਮਉਮਰ ਕੁੜੀ ਨਾਲ ਨਦੀ ਕਿਨਾਰੇ ਖੇਡਣ ਚਲਿਆ ਜਾਂਦਾ ਹੈ:

ਤੇ ਜਦ ਮੈਂ ਵੀ,/ਨਦੀ ਦੀ ਅੱਗ ਵੇਖਣ ਬਾਹਰ ਆਉਂਦਾ ਹਾਂ
ਮੈਂ ਆਪਣੀ ਇਕ ਗੁਆਂਢਣ/ਬਾਲ-ਪੁੰਨਿਆ ਨੂੰ ਬੁਲਾਉਂਦਾ ਹਾਂ
.......
ਤੇ ਜਾਗੀ ਸੱਪਣੀ/ਤਦ ਰੇਤ ਉੱਤੇ ਕੁੰਜ ਲਾਹੁੰਦੀ ਹੈ
ਤੇ ਨੰਗੀ ਰੇਤ ਦੀ ਇਕ/ਕੁਤਕਤਾਰੀ ਨਿਕਲ ਜਾਂਦੀ ਹੈ! [11]

ਕਾਮੁਕ-ਭਾਵਨਾਵਾਂ ਦੀ ਅਧੂਰੀ ਸੋਝੀ ਵਾਲੀ ਇਸ ਉਮਰ ਦੇ ਵੇਰਵਿਆਂ ਰਾਹੀਂ ਕਵੀ ਉਸ ਸਮੇਂ ਦੇ ਪੇਂਡੂ ਜੀਵਨ ਦੀਆਂ ਵਿਭਿੰਨ ਸਭਿਆਚਾਰਕ ਝਾਕੀਆਂ ਵੀ ਪੇਸ਼ ਕਰਦਾ ਹੈ ਕਿ ਸਭਿਆਚਾਰਕ ਨੇਮ-ਪ੍ਰਬੰਧ ਅੰਦਰ ਵਿਚਰਦਿਆਂ ਵਿਅਕਤੀਗਤ ਪ੍ਰਾਕਿਰਤੀ ਨੂੰ ਮਾਣਦੇ ਲੋਕ ਕਿਵੇਂ ਸਮਾਜਕ ਪਰਦੇ ਹੇਠ ਵਿਵਰਜਿਤ ਕਾਰਜ ਕਰਦੇ ਹਨ। ਜਦ ਕਦੇ ਇਹ ਪਰਦਾ ਉੱਠ ਜਾਂਦਾ ਹੈ ਤਾਂ ਕਿਵੇਂ ਉਨ੍ਹਾਂ ਦੇ ਅਸਤਿਤਵ ਵਿਚ ਤ੍ਰੇੜ ਆਉਂਦੀ ਹੈ। ਅਜਿਹੀ ਸਥਿਤੀ ਵਿਚ ਪੇਂਡੂ ਪਾਤਰਾਂ ਦੇ ਚਰਿੱਤਰ ਨੂੰ ਲੱਗੀ ਨੈਤਿਕ ਢਾਅ ਨੂੰ ਪੁਨਰ ਸੁਰਜੀਤ ਕਰਨਾ ਅਸੰਭਵ ਹੋ ਜਾਂਦਾ ਹੈ। ਇਸ ਅਸਤਿਤਵੀ ਤ੍ਰੇੜ ਦੀ ਪ੍ਰਤੱਖ ਸੂਚਕ ਨਾਇਕ/ਵਕਤਾ ਦੀ ਮਾਂ ਜਨਣਹਾਰੀ ਹੈ। ਅਜਿਹੀ ਸਥਿਤੀ ਕਾਰਨ ਵਿਅਕਤੀਗਤ ਇਛਾਵਾਂ ਮਾਣਨ ਵਾਲੇ ਤ੍ਰਿਸਕਾਰੇ ਕੋਏ ਪਾਤਰ ਜਟਿਲ ਤਣਾਉ ਵਾਲੀ ਜ਼ਿੰਦਗੀ ਭੋਗਦੇ ਹਨ। ਕਵੀ ਨੇ ਇਸ ਰਚਨਾ ਰਾਹੀਂ ਅਜਿਹੇ ਤਣਾਉ ਦੀਆਂ ਬਹੁਪਰਤਾਂ ਨੂੰ ਸਨਮੁਖ ਕਰਨ ਦਾ ਯਤਨ ਕੀਤਾ ਹੈ। ਇਕ ਪਾਸੇ ਵਿਅਕਤੀ ਆਪਣੀਆਂ ਇਛਾਵਾਂ ਅਨੁਸਾਰ ਜਿਊਂਦਾ ਹੈ ਤਾਂ ਸਮਾਜ ਵੱਲੋਂ ਤ੍ਰਿਸਕਾਰਿਆ ਜਾਂਦਾ ਹੈ ਅਤੇ ਜੇਕਰ ਉਹ ਸਮੂਹਿਕ ਇਛਾਵਾਂ ਅਨੁਸਾਰ ਵਿਚਰਦਾ ਹੈ ਤਾਂ ਉਸਨੂੰ ਆਪਣੀ ਅਸਤਿਤਵੀ ਟੁੱਟ-ਭੱਜ ਸਤਾਉਂਦੀ ਹੈ।

ਸਮਾਜਕ ਕਦਰਾਂ ਕੀਮਤਾਂ ਮਨੁੱਖ ਨੂੰ ਇਕ ਅਨੁਸ਼ਾਸਤ ਜੀਵਨ ਜਿਊਣ ਲਈ ਸੇਧ ਪ੍ਰਦਾਨ ਕਰਦੀਆਂ ਹਨ। ਸਮਾਜ ਮਨੁੱਖ ਦੀਆਂ ਕਾਮ ਜਿਹੀਆਂ ਮੁਢਲੀਆਂ ਪ੍ਰਵਿਰਤੀਆਂ ਦੀ ਤ੍ਰਿਪਤੀ ਲਈ ਕੁਝ ਸਮਾਜਕ ਨਿਯਮਾਂ ਦੀ ਸਥਾਪਨਾ ਕਰਦਾ ਹੋਇਆ ਇਨ੍ਹਾਂ ਦਾ ਸਮਾਜੀਕਰਨ ਕਰਦਾ ਹੈ। ਇਹ ਸਮਾਜੀਕਰਨ ਮਨੁੱਖ ਨੂੰ ਉਸਦੇ ਪਾਸ਼ਵਿਕ ਚਰਿੱਤਰ ਨਾਲੋਂ ਨਿਖੇੜਦਾ ਹੈ। ਮਨੁੱਖੀ ਵਿਹਾਰ ਦੀ ਪਾਸ਼ਵਿਕ ਜੀਵਨ ਵੱਲ ਵਾਪਸੀ ਦੀ ਤਾਂਘ ਮਨੁੱਖ ਲਈ ਪੀੜਾਜਨਕ ਹੈ ਜੋ ਦੁੱਖਾਂ ਅਤੇ ਮਾਨਸਿਕ ਰੋਗਾਂ ਦਾ ਕਾਰਨ ਬਣਦੀ ਹੈ; ਸਮਾਜਿਕ ਜੀਵਨ ਵਿਚ ਪ੍ਰਵੇਸ਼ ਨਾਲ ਮਨੁੱਖੀ ਵਿਹਾਰ ਦੁਬਿਧਾਜਨਕ ਸਥਿਤੀ ਭੋਗਦਾ ਹੈ ਕਿਉਂਕਿ ਮਨੁੱਖ ਪੂਰੀ ਤਰ੍ਹਾਂ ਪ੍ਰਾਕਿਰਤਕ ਇਛਾਵਾਂ ਨੂੰ ਤਿਆਗ ਨਹੀਂ ਸਕਦਾ ਅਤੇ ਇਛਾਵਾਂ ਦੇ ਦੱਬ ਜਾਣ ਕਾਰਨ ਮਾਨਸਿਕ ਤਣਾਉ ਦਾ ਸ਼ਿਕਾਰ ਹੁੰਦਾ ਹੈ ਅਤੇ ਜੇਕਰ ਪ੍ਰਾਕਿਰਤਕ ਇਛਾਵਾਂ ਦੀ ਪੂਰਤੀ ਦਾ ਯਤਨ ਕਰਦਾ ਹੈ ਤਾਂ ਸਮਾਜਕ ਵਿਰੋਧ ਉਸਨੂੰ ਪੀੜਾਜਨਕ ਸਥਿਤੀਆਂ ਵੱਲ ਧਕੇਲ ਦਿੰਦਾ ਹੈ।

'ਮੈਂ ਤੇ ਮੈਂ' ਰਚਨਾ ਦੀ ਪਾਤਰ ਜਨਣਹਾਰੀ ਦਾ ਜੀਵਨ ਮਨੁੱਖ ਦੀਆਂ ਉਪਰੋਕਤ ਦੋਵੇਂ ਸਥਿਤੀਆਂ ਨੂੰ ਪੇਸ਼ ਕਰਦਾ ਹੈ। ਰਚਨਾ ਦਾ ਨਾਇਕ/ਵਕਤਾ ਆਪਣੀਆਂ ਜਿਨਸੀ ਭਾਵਨਾਵਾਂ ਦੀ ਤ੍ਰਿਪਤੀ ਲਈ ਸਮਾਜਕ ਨੇਮਾਂ ਨੂੰ ਭੰਗ ਕਰਕੇ ਅਸਮਾਜਕ ਸੰਬੰਧਾਂ ਦੀ ਚੋਣ ਕਰਦਾ ਹੈ। ਪਰ ਸਮਾਜਕ ਪ੍ਰਬੰਧ ਆਧੀਨ ਵਿਚਰਦਿਆਂ ਸਮਾਜਕ ਵਿਰੋਧ ਦਾ ਅਹਿਸਾਸ ਉਸ ਦੇ ਮਨ ਅੰਦਰ ਨਿਖੇਧਾਤਮਕਤਾ ਦੀ ਭਾਵਨਾ ਜਗਾਉਂਦਾ ਹੈ:

ਜਦੋਂ ਇਕ ਸੱਪਣੀ ਦਾ ਡੰਗ/ਮੈਨੂੰ ਚੁਭ ਜਾਂਦਾ ਹੈ
ਮੇਰੇ ਧੜ 'ਤੇ ਮੇਰਾ ਇਕ ਸੀਸ ਜੇਹਾ/ਉੱਗ ਆਉਂਦਾ ਹੈ
ਤੇ ਉੱਗਦੇ ਸਾਰ ਹੀ/ਮਾਯੂਸੀਆਂ ਵਿਚ ਡੁੱਬ ਜਾਂਦਾ ਹੈ! [12]

ਵਿਅਕਤੀਗਤ ਪ੍ਰਕਿਰਤੀ ਅਧੀਨ ਵਿਚਰਦੇ ਮਨੁੱਖ ਨੂੰ ਸਾਰੇ ਪ੍ਰਾਕਿਰਤਕ ਰੰਗ ਆਪਣੇ ਜਾਪਦੇ ਹਨ ਪਰ ਜਦੋਂ ਉਹ ਸਮਾਜਕ

ਪ੍ਰਕਿਰਤੀ ਅਧੀਨ ਵਿਚਰਦਾ ਹੈ ਤਾਂ ਉਸਨੂੰ ਇਕੱਲਤਾ ਦਾ ਅਹਿਸਾਸ ਹੁੰਦਾ ਹੈ। ਇਕੱਲਤਾ ਦੀ ਅਜਿਹੀ ਸਥਿਤੀ ਵਿਚ ਮਨੁੱਖ ਅੰਦਰ ਆਪਣੇ ਅਸਤਿਤਵ ਨੂੰ ਸਮਝਣ-ਜਾਨਣ ਦੀ ਚੇਤਨਾ ਪੈਦਾ ਹੁੰਦੀ ਹੈ। ਉਹ ਆਪਣੇ ਬਾਹਰੀ/ਸਮਾਜਕ ਸਰੂਪ ਅਤੇ ਅੰਦਰਲੇ ਅਸਤਿਤਵ ਨੂੰ ਇਕੋ ਵੇਲੇ ਮੁਖ਼ਾਤਿਬ ਹੁੰਦਾ ਹੈ:

ਮੇਰੇ ਹਿੱਸੇ ਦੀ 'ਮੈਂ' ਹਰਦਮ/ਮੇਰੇ ਹੁਣ ਨਾਲ ਰਹਿੰਦੀ ਹੈ
ਤੇ ਦੂਜੀ ਅਰਧ 'ਮੈਂ'/ਘਰ ਦੀ ਘੁਟਣ ਵਿਚ ਬੈਠ ਰਹਿੰਦੀ ਹੈ
ਉਹ ਮੋਈਆਂ ਸੱਪਣੀਆਂ ਦੀ ਰੋਜ਼/ਕੂਲ਼ੀ ਕੁੰਜ ਲਾਹੁੰਦੀ ਹੈ
..........
ਤੇ ਮੇਰੇ ਹਿੱਸੇ ਦੀ 'ਮੈਂ'/ਹੁਣ ਪਿੰਡ ਵਿਚ ਬਦਨਾਮ ਹੁੰਦੀ ਹੈ
ਤੇ ਮੇਰੀਆਂ ਸੱਪਣੀਆਂ ਦੇ ਘਰ/ਸਵੇਰੇ ਸ਼ਾਮ ਹੁੰਦੀ ਹੈ! [13]

ਮਨੁੱਖੀ ਸੁਤੰਤਰਤਾ ਵੀ ਅਚੇਤ ਸੁਚੇਤ ਵਲਗਣਾਂ ਦੀ ਕੈਦ ਵਿਚ ਹੀ ਹੁੰਦੀ ਹੈ। ਇਹ ਵਲਗਣਾਂ ਵਿਅਕਤੀਗਤ, ਸਮਾਜਕ, ਕੌਮੀ ਤੇ ਸਭਿਆਚਾਰਕ ਸੀਮਾਵਾਂ ਦੇ ਰੂਪ ਵਿਚ ਹੁੰਦੀਆਂ ਹਨ। ਮਨੁੱਖ ਆਪਣੀਆਂ ਬਹੁਤ ਸਾਰੀਆਂ ਇਛਾਵਾਂ ਨਿੱਜੀ ਹੋਂਦ ਦੇ ਦਾਇਰੇ ਵਿਚ ਰਹਿ ਕੇ ਪੂਰਦਾ ਹੈ; ਬਹੁਤ ਸਾਰੀਆਂ ਇਛਾਵਾਂ ਦੀ ਪੂਰਤੀ ਲਈ ਉਸਨੂੰ ਸਮਾਜਕ ਨੇਮਾਂ ਅਨੁਸਾਰ ਵਿਚਰਨਾ ਪੈਂਦਾ ਹੈ; ਕਾਇਦੇ ਕਾਨੂੰਨਾਂ ਦੇ ਰੂਪ ਵਿਚ ਮਨੁੱਖ ਆਪਣੀ ਕੌਮੀ ਸੀਮਾ ਤਹਿਤ ਵਿਚਰਨ ਲਈ ਮਜ਼ਬੂਰ ਹੁੰਦਾ ਹੈ; ਤੇ ਇਸੇ ਤਰ੍ਹਾਂ ਮਨੁੱਖੀ ਜੀਵਨ ਦੁਆਲੇ ਸਹਿਜ ਰੂਪ ਵਿਚ ਉਸਰੀਆਂ ਸਭਿਆਚਾਰਕ ਮਰਿਯਾਦਾਵਾਂ ਉਸਨੂੰ ਆਪਣੀਆਂ ਇਛਾਵਾਂ ਦੀ ਪੂਰਤੀ ਦੌਰਾਨ ਪ੍ਰਭਾਵਿਤ ਕਰਦੀਆਂ ਹਨ। ਇਸ ਰਚਨਾ ਦਾ ਨਾਇਕ/ਵਕਤਾ ਵਿਅਕਤੀਗਤ ਪੱਧਰ ਉਪਰ ਇੱਛਾਵਾਂ ਪੂਰੀਆਂ ਕਰਦਾ ਹੈ ਅਤੇ ਫਿਰ ਉਨ੍ਹਾਂ ਇਛਾਵਾਂ ਦੀ ਪੂਰਤੀ ਕਾਰਨ ਪੈਦਾ ਹੋਣ ਵਾਲੇ ਸਮਾਜਕ ਵਿਰੋਧ ਦੇ ਡਰੋਂ ਅਤੇ ਦੋਸ਼ ਮੁਕਤ ਹੋਣ ਲਈ ਸਮਾਜਕ ਸੀਮਾਵਾਂ ਵਿਚ ਵਿਚਰਨਾ ਚਾਹੁੰਦਾ ਹੈ। ਇਸ ਲਈ ਉਹ ਆਪਣੇ ਜਿਨਸੀ ਸੰਬੰਧਾਂ ਕਾਰਨ ਗਰਭਵਤੀ ਹੋਈ ਔਰਤ ਦਾ ਗਰਭਪਾਤ ਕਰਵਾਉਂਦਾ ਹੈ। ਇਹ ਸਥਿਤੀ ਉਸਨੂੰ ਨਿਰਾਸ਼ਾ ਵੱਲ ਧਕੇਲਦੀ ਹੈ। ਗਰਭਪਾਤ ਕਰਵਾਉਣ ਵਾਲੀ ਔਰਤ ਦੀ ਮੌਤ ਹੋ ਜਾਣ ਨਾਲ ਉਸਦੀ ਇਹ ਨਿਰਾਸ਼ਾ ਸੰਤਾਪ ਦੇ ਪੱਧਰ ਤਕ ਅੱਪੜ ਜਾਂਦੀ ਹੈ। ਕਵੀ ਏਥੇ ਔਰਤ ਦੇ ਗਰਭਪਾਤ ਕਰਾਉਣ ਅਤੇ ਉਸਦੀ ਮੌਤ ਪਿੱਛੇ ਕਾਰਜਸ਼ੀਲ ਕਰੜੀਆਂ ਸਮਾਜਕ ਕਦਰਾਂ-ਕੀਮਤਾਂ ਦੀ ਨਿਸ਼ਾਨਦੇਹੀ ਕਰਦਾ ਹੈ। ਸਮਾਜਕ ਕਦਰਾਂ ਕੀਮਤਾਂ ਦੇ ਪ੍ਰਤਿਕਰਮ ਕਾਰਨ ਵਕਤਾ/ਨਾਇਕ ਦਾ ਅਸਤਿਤਵ ਤਿੜਕਦਾ ਹੈ:

ਸਫ਼ਰ ਸੀ, ਰੇਤ ਸੀ, ਖ਼ਾਮੋਸ਼ੀ ਸੀ/ਜ਼ਲਾਲਤ ਸੀ, ਸਹਿਮ ਸੀ, ਨਮੋਸ਼ੀ ਸੀ
ਖ਼ਲਾਅ ਸੀ, ਉਫ਼ਕ ਸੀ ਤੇ ਸੂਰਜ ਸੀ/ਜਾਂ ਆਪਣੀ ਪੈੜ ਦੀ
ਜ਼ੰਜੀਰ ਦੇ ਬਿਨ ਕੁਝ ਵੀ ਨਾ ਸੀ/ਕਿ ਜਿਸ ਨੂੰ ਵੇਖਿਆਂ
ਮੱਥੇ 'ਚ ਪਾਲਾ ਉੱਗਦਾ ਸੀ! [14]

ਆਪਣੀ ਅੰਦਰਲੇ ਆਪੇ ਨੂੰ ਹੋਰ ਤੀਖਣਤਾ ਨਾਲ ਸਮਝਣ ਲਈ ਵਕਤਾ/ਨਾਇਕ 'ਚੁੱਪ' ਦਾ ਮਾਧਿਅਮ ਚੁਣਦਾ ਹੈ। 'ਬਾਹਰੀ ਮੈਂ' ਤੋਂ 'ਅੰਦਰੂਨੀ ਮੈਂ' ਤਕ ਦਾ ਸਫ਼ਰ ਤੈਅ ਕਰਨ ਲਈ ਚੁੱਪ ਨੂੰ ਸਾਧਨ ਬਣਾ ਕੇ ਜੀਵਨ-ਸੱਚ ਨੂੰ ਸਮਝਣ ਦਾ ਯਤਨ ਕਰਦਾ ਹੈ:

ਮੇਰੀ ਛਾਤੀ ਦੇ ਵਿਚ ਹਰ ਰੋਜ਼/ਖੰਡਰ ਉੱਗ ਰਿਹਾ ਹੈ
ਤੇ ਮੇਰੇ ਸੀਸ ਵਿਚ/ਮੱਕੜੀ ਦਾ ਜਾਲਾ ਉੱਡ ਰਿਹਾ ਹੈ
ਮੈਂ ਚੁੱਪ ਦੀ ਮੌਨ ਬੋਲੀ/ਸਿੱਖ ਰਿਹਾ ਹਾਂ! [15]

'ਚੁੱਪ' ਰਾਹੀਂ ਸੱਚ ਤਕ ਅੱਪੜਨ ਦੀ ਇਹ ਅਭਿਵਿਅਕਤੀ 'ਵਕਤਾ/ਨਾਇਕ ਮੈਂ' ਤਕ ਸੀਮਤ ਨਹੀਂ ਰਹਿੰਦੀ ਸਗੋਂ 'ਸਮਾਨਯ ਮੈਂ' ਦੇ ਅੰਤਰੀਵ ਦੀ ਅਭਿਵਿਅਕਤੀ ਹੋ ਨਿੱਬੜਦੀ ਹੈ। ਇਸੇ ਤਲਾਸ਼ ਦੌਰਾਨ ਉਸਦੇ ਬਾਹਰੀ ਅਤੇ ਅੰਦਰੂਨੀ ਆਪੇ ਦੀ ਵਿੱਥ ਵਧਣ ਲਗਦੀ ਹੈ ਜੋ ਉਸਨੂੰ ਆਪਣੀ ਹੋਂਦ ਦੀ ਅਰਥਹੀਣਤਾ ਦਾ ਅਹਿਸਾਸ ਕਰਵਾਉਂਦੀ ਹੈ। ਵਕਤਾ/ਨਾਇਕ ਦੀ ਇਹ ਸਥਿਤੀ ਉਸਨੂੰ ਆਮ ਮਨੁੱਖ ਦੀ 'ਆਤਮ ਮੈਂ' ਦੀ ਸਥਿਤੀ ਨੂੰ ਜਾਨਣ ਦਾ ਵਸੀਲਾ ਬਣਦੀ ਹੈ:

ਕਿਸੇ ਵੀ ਚਿਹਰੇ 'ਚ/ਸ਼ਬਦ ਨਹੀਂ ਬਾਕੀ
ਕਿਸੇ ਵੀ ਚਿਹਰੇ 'ਚ/ਗੀਤ ਨਹੀਂ ਬਾਕੀ
ਸਿਰਫ਼ ਜਿਸਮਾਂ 'ਚ ਅੰਗ ਬਾਕੀ ਨੇ [16]

'ਬਾਹਰੀ ਮੈਂ' ਅਤੇ 'ਆਤਮ ਮੈਂ' ਦੇ ਟਕਰਾਅ ਵਿੱਚੋਂ ਸੰਪੂਰਨਤਾ ਦੀ ਤਾਂਘ ਹੋਰ ਤੀਬਰਤਾ ਨਾਲ ਪੈਦਾ ਹੁੰਦੀ ਹੈ। ਵਕਤਾ/ਨਾਇਕ ਨੇ ਇਸੇ ਤਲਾਸ਼ ਲਈ ਵਿਵਰਜਿਤ ਭੋਗ ਕੀਤਾ ਪਰ ਉਸਨੂੰ ਪੂਰਨ ਔਰਤ ਪ੍ਰਾਪਤ ਨਹੀਂ ਹੋਈ। ਜੀਵਨ ਦੀ ਵਿਅਕਤੀਗਤ ਇੱਛਾ ਅਤੇ

ਸਮਾਜਕ ਨੇਮ-ਪ੍ਰਬੰਧ ਦੇ ਟਕਰਾਉ ਕਾਰਨ ਉਹ ਗਹਿਰੇ ਵਿਸ਼ਾਦ ਵਾਲੀ ਸਥਿਤੀ ਵਿਚ ਪਹੁੰਚ ਜਾਂਦਾ ਹੈ:

ਮੈਂ ਹੁਣ ਥਲਾਂ ਵਿਚ ਭਟਕਦਾਂ/ਆਪਣੀ ਹੀ ਛਾਂ ਨੂੰ ਤਰਸਦਾਂ
ਆਪਣੇ ਖ਼ਲਾਅ ਵਿਚ ਲਟਕਦਾਂ
......
ਮੱਥੇ 'ਚ ਬਸ ਹੁਣ ਰੇਤ ਹੈ/ਨਾ ਰੇਤ ਤੇ ਕੋਈ ਪੈੜ ਹੈ
ਨਾ ਪੈੜ ਜੋਗਾ ਸਫ਼ਰ ਹੈ/ਨਾ ਸਫ਼ਰ ਜੋਗਾ ਸਾਥ ਹੈ
ਨਾ ਸਾਥ ਜੋਗਾ ਹਰਫ਼ ਹੈ/ਨਾ ਹਰਫ਼ ਜੋਗਾ ਗੀਤ ਹੈ
ਨਾ ਗੀਤ ਜੋਗੀ ਧੁੱਪ ਹੈ/ਨਾ ਧੁੱਪ ਜੋਗਾ ਰੁੱਖ ਹੈ
ਨਾ ਰੁੱਖ ਜੋਗੀ ਛਾਉਂ ਹੈ/ਇਹ ਸੁੰਞ ਵਰਗਾ ਸ਼ੋਰ ਹੈ
ਜਾਂ ਸ਼ੋਰ ਵਰਗੀ ਚੁੱਪ ਹੈ/ਇਹ ਖ਼ੁਦਕਸ਼ੀ ਵਰਗੀ ਰੁੱਤ ਹੈ। [17]

ਅਜਿਹੀ ਸਥਿਤੀ ਵਿਚ ਉਹ ਦੋਹਰੀ ਪੀੜਾ ਹੰਢਾਉਂਦਾ ਹੈ। ਜੇ ਉਹ ਵਿਅਕਤੀਗਤ ਪ੍ਰਕਿਰਤੀ ਦਾ ਧਾਰਨੀ ਬਣ ਕੇ ਜਿਉਂਦਾ ਹੈ ਤਾਂ ਸਮਾਜਕ ਜੀਵਨ ਵਿਚਲੀ ਨਮੋਸ਼ੀ, ਹੀਣ-ਭਾਵਨਾ, ਸ਼ਰਮ ਆਦਿ ਉਸਦੀ ਸਮਾਜਕ ਮੌਤ ਦਾ ਕਾਰਨ ਬਣ ਜਾਂਦੇ ਹਨ। ਜੇ ਉਹ ਆਪਣੀ ਮਾਨਸਿਕ ਬਣਤਰ ਸਮਾਜਕ ਨੇਮਾਂ ਦੇ ਅਨੁਕੂਲ ਬਣਾਉਂਦਾ ਹੈ ਤਾਂ ਉਸਦੀ ਆਤਮਕ ਮੌਤ ਹੋ ਜਾਂਦੀ ਹੈ:

ਹੁਣ ਚੁੱਪ ਏਨੀ ਹੈ/ਕਿ ਚੁੱਪ ਦੀ 'ਵਾਜ ਸੁਣ ਸਕਦਾ ਹਾਂ ਮੈਂ
ਤੇ ਦਰਦ ਏਨਾਂ ਹੈ/ਕਿ ਖ਼ੁਦ ਤੋਂ ਆਪ ਹੀ ਡਰਦਾ ਹਾਂ ਮੈਂ
ਬਦਚਲਨ ਰਾਤਾਂ ਦਾ ਹੁਣ/ਸੜਕਾਂ 'ਤੇ ਭਾਅ ਕਰਦਾਂ ਹਾਂ ਮੈਂ [18]

'ਵਕਤਾ ਮੈਂ' ਦੀ ਤ੍ਰਾਸਦੀ ਨੂੰ ਵਿਸਥਾਰ ਮਿਲਦਾ ਹੈ ਜਦੋਂ ਉਹ ਆਪਣੀਆਂ ਅੰਤਰੀਵੀ ਖ਼ਾਹਿਸ਼ਾਂ ਦੇ ਮਾਤਮ ਦੌਰਾਨ ਸਮਾਜਕ ਨੇਮ-ਪ੍ਰਬੰਧਾਂ ਆਧੀਨ ਵਿਚਰਨ ਵਾਲੇ ਮਨੁੱਖ ਦੀ ਮਾਨਸਿਕ ਦਵੰਦਤਾ ਨੂੰ ਵਾਚਦਾ ਹੈ:

ਸ਼ਹਿਰ ਵਿਚ ਉੱਗਿਆ ਜੰਗਲ/ਮੇਰੇ ਜੰਗਲ ਤੋਂ ਵੱਡਾ ਹੈ! [19]

'ਜੰਗਲ' ਅਤੇ 'ਸ਼ਹਿਰ' ਦੇ ਰੂਪਕ ਰਾਹੀਂ ਵਿਅਕਤੀਗਤ ਇੱਛਾ ਅਤੇ ਸਮਾਜਕ ਨੇਮ ਇਉਂ ਰੂਪਮਾਨ ਹੋਏ ਹਨ:
ਵੱਜਦੀ ਸਾਰੰਗੀ ਨੂੰ ਦੋਸਤੋ!/ਸਿਫ਼ਲਸ ਕਿਵੇਂ ਹੋਇਐ?
ਨਿਰੋਧੀਭੋਗ ਪਿੱਛੋਂ ਵੀ/ਸ਼ਹਿਰ ਨੂੰ ਗਰਭ ਕਿੰਜ ਹੋਇਐ?
ਮੇਰਾ ਜੰਗਲ ਸ਼ਹਿਰ ਵਿਚ ਉੱਗ ਰਹੇ /ਜੰਗਲ ਤੇ ਕਿਉਂ ਰੋਇਐ? [20]

'ਮੈਂ ਤੇ ਮੈਂ' ਦਾ ਵਕਤਾ/ਨਾਇਕ ਸੰਸਕ੍ਰਿਤਕ ਨੇਮ-ਪ੍ਰਬੰਧਾਂ ਦੀ ਆੜ ਵਿਚ ਦੰਭੀ ਚਿਹਰਾ ਲੈ ਕੇ ਕੂਟਨੀਤੀ ਵਾਲਾ ਜੀਵਨ ਜਿਉਣ ਵਾਲੇ ਲੋਕਾਂ 'ਤੇ ਵਿਅੰਗ ਕਸਦਾ ਹੈ। ਉਹ ਅਜਿਹੇ 'ਸਭਿਅਕ ਸਮਾਜ' ਦੀ ਦੂਹਰੀ ਬਣਤਰ ਤੇ ਬੁਣਤਰ ਤੋਂ ਦੁਖੀ ਹੈ। ਉਸਨੇ ਆਪ ਕੁੱਖ ਤੋਂ ਲੈ ਕੇ ਕਬਰ ਤਕ ਤ੍ਰਾਸਦੀ ਵਾਲਾ ਜੀਵ ਜੀਵਆ ਹੈ। ਵਕਤਾ/ਨਾਇਕ ਦੀ ਅੱਧੀ ਮੌਤ ਤਾਂ ਕੁੱਖ ਵਿਚ ਹੀ ਹੋ ਜਾਂਦੀ ਹੈ ਜਦੋਂ ਉਹਦੀ ਜਨਣਹਾਰੀ ਨੂੰ ਸਮਾਜ ਦੀਆਂ ਨਜ਼ਰਾਂ ਤੋਂ ਬਚਣ ਲਈ 'ਅਜਨਮੀ ਪੀੜ' ਦਾ ਮੂੰਹ ਕੱਜਣਾ ਪੈਂਦਾ ਹੈ। ਉਸਦੀ ਦੂਜੀ ਅੱਧੀ ਮੌਤ ਉਦੋਂ ਹੋ ਜਾਂਦੀ ਹੈ ਜਦੋਂ ਆਪਣੀ ਇੱਛਾ ਮਾਣਨ ਉਪਰੰਤ ਸਮਾਜਕ ਵਿਰੋਧ ਤੋਂ ਬਚਣ ਹਿੱਤ ਔਰਤ ਦਾ ਗਰਭਪਾਤ ਕਰਵਾ ਕੇ ਦੰਭੀ ਜੀਵਨ-ਸ਼ੈਲੀ ਅਪਨਾਉਂਦਾ ਹੈ। ਇਸ ਤਰ੍ਹਾਂ ਉਸਦਾ ਸਾਰਾ ਜੀਵਨ ਤਣਾਉ ਤੋਂ ਤਣਾਉ ਤਕ ਦਾ ਸਫ਼ਰ ਹੈ:

ਮੈਂ ਧੁੱਪ ਵਿਚ ਵਰ੍ਹ ਰਹੀ/ਬਦਲੀ ਦੇ ਵਾਕੁਣ ਉਮਰ ਭੋਗੀ ਹੈ
ਤੇ ਕੁੱਖ ਤੋਂ ਕਬਰ ਤਕ/ਮੇਰੇ ਸਫ਼ਰ ਦੀ ਹਰ ਪੈੜ ਸੋਗੀ ਹੈ! [21]
......
ਮੈਂ ਹੈਰਾਨ ਹਾਂ ਕਿ/ਮੇਰੀ ਜਿਉਂਦੀ ਉਮਰ ਕਿਸ ਨੇ ਭੋਗੀ ਹੈ
ਮੈਂ ਜਦ ਵੇਖੀ ਹੈ ਆਪਣੇ ਕੋਲ/ਆਪਣੀ ਲਾਸ਼ ਵੇਖੀ ਹੈ। [22]

ਇਸ ਪ੍ਰਕਾਰ ਉਸਦੀ ਦਿਖਦੀ ਮੈਂ/ਹੋਂਦ ਉਸਦੀ ਆਤਮ ਮੈਂ/ਹੋਂਦ ਨਾਲੋਂ ਭਿੰਨ ਹੈ। ਆਪਣੇ ਅਰਥਹੀਣ ਜੀਵਨ ਕਾਰਨ ਉਹ ਆਪਣੀ ਦਿਖਦੀ ਹੋਂਦ ਤੋਂ ਮੁਨਕਰ ਹੈ:

ਪਿਆ ਨਜ਼ਰੀਂ ਜੋ ਅੱਜ ਆਉਂਦਾਂ/ਜੋ ਤੁਰਿਆ ਸਾਥ ਵਿਚ ਜਾਂਦਾਂ
ਇਹ ਮੈਂ ਨਹੀਂ ਹੋਰ ਹੈ ਕੋਈ!/ਇਹ ਮੈਂ ਨਹੀਂ ਹੋਰ ਹੈ ਕੋਈ!!
ਇਹ ਮੈਂ ਨਹੀਂ ਹੋਰ ਹੈ ਕੋਈ!!! [23]

ਇਸ ਪ੍ਰਕਾਰ 'ਮੈਂ ਤੇ ਮੈਂ' ਰਚਨਾ ਵਿਚ ਕਵੀ ਨੇ ਆਧੁਨਿਕ ਮਨੁੱਖ ਦੇ ਸਵੈ ਨੂੰ ਚਿਤਰਿਆ ਹੈ ਜੋ ਬਾਹਰੀ ਅਤੇ ਅੰਤਰੀਵ ਤੌਰ 'ਤੇ ਦੋ ਵਿਰੋਧੀ 'ਆਪੇ' ਜੀਅ ਰਿਹਾ ਹੈ ਜਿਸ ਨਾਲ ਮਨੁੱਖ ਦੀ ਸਥਿਤੀ ਤਣਾਉਸ਼ੀਲ ਬਣ ਜਾਂਦੀ ਹੈ। ਸਾਹਿਤ ਵਿਚ ਤਣਾਉ ਦੀ ਸਥਿਤੀ ਉਹ ਹੁੰਦੀ ਹੈ, ਜਦੋਂ ਦੋ ਵਿਰੋਧੀ ਵਿਚਾਰ, ਭਾਵ ਟਕਰਾਉ ਦੀ ਸਥਿਤੀ ਵਿਚ ਹੁੰਦੇ ਹਨ ਅਤੇ ਅਸੀਂ ਉਸ ਵੇਲੇ ਚੋਣ ਨਹੀਂ ਕਰ

ਸਕਦੇ ਕਿ ਕਿਹੜਾ ਵਿਚਾਰ ਜਾਂ ਭਾਵ ਠੀਕ ਹੈ ਅਤੇ ਕਿਹੜਾ ਗਲਤ ਹੈ। ਇਸ ਪ੍ਰਕਾਰ ਤਣਾਉ ਉਹ ਸਥਿਤੀ ਹੈ ਜਿਸ ਵਿਚ ਮਨੁੱਖ ਆਪਣੇ-ਆਪ ਨੂੰ ਦੋ ਵਿਰੋਧੀ ਸਥਿਤੀਆਂ ਵਿਚ ਜਿਉਂਦਾ ਹੋਇਆ ਠੀਕ-ਗਲਤ ਨੂੰ ਸਮਝਣ ਦੀ ਕੋਸ਼ਿਸ਼ ਵਿਚ ਉਲਝਿਆ ਰਹਿੰਦਾ ਹੈ। ਆਧੁਨਿਕ ਮਨੁੱਖ ਦੀ ਹੋਣੀ ਇਹ ਹੈ ਕਿ ਉਹ ਪਰੰਪਰਕ ਨਿਰਾਧਾਰ ਕਦਰਾਂ-ਕੀਮਤਾਂ ਦੇ ਬੋਝ ਹੇਠ ਦਬਿਆ, ਆਧੁਨਿਕ ਸੁਤੰਤਰ ਜੀਵਨ-ਵਿਧੀ ਨੂੰ ਪੂਰੀ ਤਰ੍ਹਾਂ ਅਪਨਾਉਣ ਦੇ ਅਸਮਰੱਥ ਮਹਿਸੂਸ ਕਰਦਾ ਹੈ। ਫਲਸਰੂਪ ਉਸਨੂੰ ਗਹਿਰੇ ਮਨੋਵਿਸ਼ਾਦ ਅਤੇ ਡੂੰਘੇ ਮਾਨਸਿਕ ਤਣਾਉ ਵਾਲੀ ਸਥਿਤੀ ਹੰਢਾਉਣੀ ਪੈਂਦੀ ਹੈ। ਇਉਂ ਇਸ ਰਚਨਾ ਵਿਚ ਕਵੀ ਨੇ 'ਮੈਂ ਪਾਤਰ' ਦੇ ਬਾਹਰੀ ਅਤੇ ਅੰਦਰੂਨੀ ਖੰਡਿਤ ਆਪਿਆਂ ਦੇ ਆਪਸੀ ਤਣਾਉ ਦੀ ਸਥਿਤੀ ਨੂੰ ਵਸਤੂ ਬਣਾਇਆ ਹੈ।

## References


1. ਸ਼ਿਵ ਕੁਮਾਰ, 'ਮੈਂ ਤੇ ਮੈਂ', ਸ਼ਿਵ ਕੁਮਾਰ: ਸਮੁੱਚੀ ਕਵਿਤਾ, ਮੇਹਰਬਾਨ ਬਟਾਲਵੀ (ਸੰਪਾ.), ਲਾਹੌਰ ਬੁੱਕ ਸ਼ਾਪ, ਲੁਧਿਆਣਾ, 2014, ਪੰਨਾ 643
2. ਉਹੀ, ਪੰਨਾ 651
3. ਉਹੀ, ਪੰਨਾ 599
4. ਉਹੀ, ਪੰਨਾ 599
5. ਉਹੀ, ਪੰਨਾ 599-600
6. ਉਹੀ, ਪੰਨਾ 600
7. ਉਹੀ, ਪੰਨਾ 601
8. ਉਹੀ, ਪੰਨਾ 603
9. ਉਹੀ, ਪੰਨਾ 609
10. ਉਹੀ, ਪੰਨਾ 609
11. ਉਹੀ, ਪੰਨਾ 613
12. ਉਹੀ, ਪੰਨਾ 623
13. ਉਹੀ, ਪੰਨਾ 624-25
14. ਉਹੀ, ਪੰਨਾ 636
15. ਉਹੀ, ਪੰਨਾ 638
16. ਉਹੀ, ਪੰਨਾ 642
17. ਉਹੀ, ਪੰਨਾ 645
18. ਉਹੀ, ਪੰਨਾ 646
19. ਉਹੀ, ਪੰਨਾ 647
20. ਉਹੀ, ਪੰਨਾ 647
21. ਉਹੀ, ਪੰਨਾ 649
22. ਉਹੀ, ਪੰਨਾ 654
23. ਉਹੀ, ਪੰਨਾ 655